# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 08 ਅਗਸਤ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵੈਨਕੂਵਰ ਮਿਸ਼ਨ ਐਡਵੈਂਚਰਜ ਦੇ ਵਿਦਿਆਰਥੀ ਗੁਰਦਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਨਤਮਸਤਕ ਹੋਏ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 6 ਅਗਸਤ : ਵੈਨਕੂਵਰ ਵਿਚਾਰ ਮੰਚ, ਗ਼ਜ਼ਲ ਮੰਚ ਸਰੀ ਅਤੇ ਸੇਖਾ ਪਰਿਵਾਰ ਵੱਲੋਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 91ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਸਭਨਾਂ ਨੇ ਸ. ਸੇਖਾ ਦੀ ਲੰਮੀ ਅਤੇ ਸਿਹਤਯਾਬ ਜ਼ਿੰਦਗੀ ਦੀ ਕਾਮਨਾ ਕੀਤੀ।




ਜਰਨੈਲ ਸਿੰਘ ਸੇਖਾ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੰਦਿਆਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਜਸਵਿੰਦਰ, ਅੰਗਰੇਜ਼ ਬਰਾੜ, ਰਾਜਵੰਤ ਰਾਜ ਅਤੇ ਹਰਦਮ ਸਿੰਘ ਮਾਨ ਨੇ ਜਰਨੈਲ ਸਿੰਘ ਸੇਖਾ ਵੱਲੋਂ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਪਾਏ ਵੱਡਮੁੱਲੇ ਯੋਗਦਾਨ ਦੀ ਪ੍ਰਸੰਸਾ ਕੀਤੀ।

ਇਸ ਮੌਕੇ ਕੇਕ ਕੱਟਿਆ ਗਿਆ ਅਤੇ ਲੇਖਕ ਮਿੱਤਰਾਂ ਵੱਲੋਂ ਗੁਲਦਸਤਾ ਭੇਟ ਕਰ ਕੇ ਆਪਣੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਗਿਆ। ਸ. ਸੇਖਾ ਦੀ ਪੋਤਰੀ ਪ੍ਰਭਜੋਤ ਨੇ ਇਕ ਯਾਦਗਾਰੀ ਤਸਵੀਰ ਦੇ ਕੇ ਆਪਣਾ ਉਨ੍ਹਾਂ ਪ੍ਰਤੀ ਆਪਣਾ ਸਿਨੇਹ ਪ੍ਰਗਟ ਕੀਤਾ ਗਿਆ। ਸ. ਸੇਖਾ ਨੇ ਕਿਹਾ ਕਿ ਸਾਹਿਤ ਮਿੱਤਰਾਂ ਅਤੇ ਪਰਿਵਾਰ ਦੇ ਪਿਆਰ, ਸਤਿਕਾਰ ਸਦਕਾ ਉਹ ਪਿਛਲੇ ਸਮੇਂ ਵਿਚ ਆਏ ਸਰੀਰਕ ਕਸ਼ਟ 'ਚੋਂ ਉੱਭਰ ਸਕੇ ਹਨ। ਉਨ੍ਹਾਂ ਦੁਆ ਕੀਤੀ ਕਿ ਇਹ ਮਹੁੱਬਤ, ਸਾਂਝ ਏਸੇ ਤਰਾਂ ਬਰਕਰਾਰ ਰਹੇ।

## ਸਕੂਲ ਵਿੱਚ ਹੀ ਨਰਸਰੀਂ ਤੋਂ 5ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ 'ਦੋ ਰੋਜ਼ਾ ਪਿਕਨਿਕ' ਦਾ ਆਯੋਜਨ

### ਆਕਸਫੋਰਡ ਦੇ ਵਿਦਿਆਰਥੀਆਂ ਨੇ ਸਕੂਲ ਵਿੱਚ ਹੀ ਮਨਾਈ ਪਿਕਨਿਕ ਅਤੇ ਮਾਣਿਆ ਡੋਮ ਥਿਏਟਰ ਦਾ ਆਨੰਦ'

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 8 ਅਗਸਤ : 'ਦ ਆਕਸਫੋਰਡ ਸਕੂਲ ਆਫਥ ਐਜ਼ੁਕੇਸ਼ਨ ਇੱਕ ਅਜਿਹੀ ਮਾਣਮੱਤੀ ਸੰਸਥਾ ਹੈ ਜੋ ਬੱਚਿਆਂ ਦੀ ਬਹੁਪੱਖੀ ਅਗਵਾਈ ਕਰਨ ਲਈ ਹਰ ਭਰਪੂਰ ਯਤਨ ਕਰਦੀ ਹੈ ਤਾਂ ਜੋ ਵਿਦਿਆਰਥੀਆਂ ਦਾ ਸਰਵ-ਪੱਖੀ ਵਿਕਾਸ ਹੋ ਸਕੇ। ਬੀਤੇ ਦਿਨੀਂ ਸਕੂਲ ਵਿੱਚ ਹੀ ਨਰਸਰੀਂ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ 'ਦੋ ਰੋਜ਼ਾ ਪਿਕਨਿਕ' ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਾਟਰ ਪਾਰਕ ਅਤੇ ਝੂਲੇ ਸ਼ਾਮਿਲ ਕੀਤੇ ਗਏ। ਵਾਟਰ ਪਾਰਕ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਵਾਟਰ ਸਲਾਈਡਜ਼ ਸ਼ਾਮਿਲ ਸਨ, ਜੋ ਬੱਚਿਆਂ ਦਾ ਮਣ ਮੋਹ ਰਹੀਆਂ ਸਨ। ਇਸ ਤੋਂ ਬਿਨ੍ਹਾਂ ਬੱਚਿਆਂ ਲਈ ਰੋਪ-ਕਲਾਇੰਬ, ਕਈ ਤਰ੍ਹਾਂ ਦੇ ਝੂਲੇ, ਨਿਸ਼ਾਨਾ ਲਾਉਣ ਵਾਲੀ ਗੇਮ ਆਦਿ ਗੇਮਾਂ ਵੀ ਸਨ, ਜਿਨ੍ਹਾਂ ਦਾ ਬੱਚਿਆਂ ਨੇ ਭਰਪੂਰ ਲੁਤਫ ਉਠਾਇਆਂ। ਇਸ ਪਿਕਨਿਕ ਦਾ ਆਨੰਦ ਮਾਣਦੇ ਅਤੇ ਡਾਂਸ ਕਰਦੇ ਬੱਚੇ ਬੇਹੱਦ ਖੁਸ਼ ਨਜਰ ਆ ਰਹੇ ਸਨ। ਜਿੱਥੇ ਨੰਨ੍ਹੇ ਬੱਚਿਆਂ ਨੇ 'ਪਿਕਨਿਕ' ਮਨਾਈ, ਉੱਥੇ ਛੇਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਹੀ 'ਸਪੇਸ ਦਾ ਸਫਰ' ਡੋਮ ਥਿਏਟਰ ਵਿੱਚ ਕਰਵਾਇਆਂ ਗਿਆ। ਇਹ 'ਸਪੇਸ ਦਾ ਸਫਰ' ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਸਾਬਿਤ ਹੋਵੇਗਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਕਿਹਾ ਕਿ ਇਸ ਸੰਸਥਾ ਵੱਲੋਂ ਹਮੇਸ਼ਾ ਅਜਿਹੀਆਂ ਕੋਸ਼ਿਸ਼ਾ ਕੀਤੀਆਂ ਜਾਦੀਆਂ ਹਨ, ਜਿੰਨ੍ਹਾਂ ਦਾ ਵਿਦਿਆਰਥੀਆਂ ਨੂੰ ਬੋਧਿਕ ਲਾਭ ਹੋਵੇ। 'ਸਪੇਸ ਦਾ ਸਫਰ' ਵਿਦਿਆਰਥੀਆਂ ਵਿੱਚ ਰੁਚੀ ਪੈਦਾ ਕਰੇਗਾ ਅਤੇ ਜਿਸ ਦੇ ਆਉਣ ਵਾਲੇ ਸਮੇ ਵਿੱਚ ਬਿਹਤਰ ਨਤੀਜੇ ਨਿਕਲਣਗੇ। ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਕੀਤੇ ਜਾਂਦੇ ਯਤਨ ਸਾਡੇ ਲਈ ਬੇਹੱਦ ਲਾਹੇਵੰਦ ਹੁੰਦੇ ਹਨ। ਜਿੱਥੇ ਇਹਨਾਂ ਯਤਨਾਂ ਕਾਰਨ ਅਸੀਂ ਆਨੰਦ ਮਾਣਦੇ ਹਾਂ, ਉੱਥੇ ਅਸੀਂ ਆਪਣੇ ਆਪ ਨੂੰ ਬੌਧਿਕ ਤੌਰ 'ਤੇ ਤਰਾਸ਼ਦੇ ਵੀ ਹਾਂ। ਇਸ ਸਮੇਂ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈਕਾ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ਸ਼ੈਰੀ (ਵਾਈਸ ਚੇਅਰਮੈਨ), ਅਤੇ ਰਮਨਦੀਪ ਸਿੰਘ ਅਤੇ ਸਾਰੇ ਕੁਆਰਡੀਨੇਟਰਜ਼ ਵੀ ਇਸ ਮੌਕੇ ਮੌਜ਼ੂਦ ਸਨ।



## ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੇ ਆਮਦ ਤੋਂ ਪਹਿਲਾਂ ਡੀ.ਸੀ. ਅਤੇ ਐਸ.ਐਸ.ਪੀ. ਨੇ ਮੌਕਾ ਦੇਖਿਆ

### 15 ਅਗਸਤ ਨੂੰ ਫਰੀਦਕੋਟ ਵਿਖੇ ਮੁੱਖ ਮੰਤਰੀ ਲਹਿਰਾਉਣਗੇ ਰਾਸ਼ਟਰੀ ਝੰਡਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 8 ਅਗਸਤ : ਲਗਭਗ 8 ਮਹੀਨੇ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਾਦਿਕ ਆਉਣ ਦੀ ਸੰਭਾਵਨਾ ਨੂੰ ਲੈ ਕੇ ਜ਼ਿਲਾ ਪ੍ਰਸ਼ਾਸ਼ਨ ਪੱਬਾਂ ਭਾਰ ਹੋ ਗਿਆ ਹੈ ਹੈ। ਇਸ ਵਾਰ ਰਾਜ ਪੱਧਰੀ ਸਮਾਗਮ 15 ਅਗਸਤ ਨੂੰ ਫਰੀਦਕੋਟ ਵਿਖੇ ਹੋ ਰਿਹਾ ਹੈ ਤੇ ਮੁੱਖ ਮੰਤਰੀ ਝੰਡਾ ਲਹਿਰਾਉਣ ਲਈ ਆ ਰਹੇ ਹਨ। ਬੀਤੀ 26 ਜਨਵਰੀ ਨੂੰ ਵੀ ਮੁੱਖ ਮੰਤਰੀ ਦਾ ਪ੍ਰੋਗਰਾਮ ਬਣਿਆ ਸੀ ਤੇ ਉਹਨਾਂ ਗੀਤਕਾਰ ਬਾਬੂ ਸਿੰਘ ਮਾਨ ਨਾਲ ਜੰਡ ਸਾਹਿਬ ਵਿਖੇ ਕਈ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖਣ ਦਾ ਪ੍ਰੋਗਰਾਮ ਬਣਾਇਆ ਸੀ ਪਰ ਅਚਾਨਕ ਪ੍ਰੋਗਰਾਮ ਰੱਦ ਹੋ ਗਿਆ ਸੀ। ਹੁਣ ਫਿਰ ਉਮੀਦ ਜਿਤਾਈ ਜਾ ਰਹੀ ਹੈ ਕਿ ਮੁੱਖ ਮੰਤਰੀ ਜੰਡ ਸਾਹਿਬ ਆਉਣਗੇ। ਜਿਸ ਨੂੰ ਲੈ ਕੇ ਜ਼ਿਲਾ ਪ੍ਰਸ਼ਾਸ਼ਨ ਵੱਲੋਂ ਜੰਡ ਸਾਹਿਬ ਵਿਖੇ ਜਗਾ ਦਾ ਜਾਇਜਾ ਲਿਆ ਤੇ ਵਿੱਦਿਅਕ ਸਭਾ ਦੇ ਆਗੂਆਂ ਤੋਂ ਜਾਣਕਾਰੀ ਹਾਸਲ ਕੀਤੀ। ਮੈਡਮ ਪੂਨਮਦੀਪ ਕੌਰ ਡਿਪਟੀ ਕਮਿਸ਼ਨਰ ਅਤੇ ਡਾ. ਪ੍ਰਗਿਆ ਜੈਨ ਐਸ.ਐਸ.ਪੀ. ਫਰੀਦਕੋਟ ਨੇ ਹੋਰ ਅਧਿਕਾਰੀ ਸਮੇਤ ਜੰਡ ਸਾਹਿਬ ਦਾਣਾ ਮੰਡੀ, ਹਸਪਤਾਲ ਤੇ ਹੋਰ ਕਈ ਥਾਵਾਂ ਨੂੰ ਦੇਖਿਆ। ਡਿਪਟੀ ਕਮਿਸ਼ਨਰ ਮੈਡਮ ਨੇ ਦੱਸਿਆ ਕਿ ਆਜ਼ਾਦੀ ਦਿਵਸ ਦੇ ਮੱਦੇਨਜ਼ਰ ਅਤੇ ਜ਼ਿਲ੍ਹੇ ਵਿੱਚ ਜਨਤਕ ਸੁਰੱਖਿਆ ਨੂੰ ਵਧਾਉਣ ਲਈ ਫਰੀਦਕੋਟ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਸੁਰੱਖਿਆ ਪ੍ਰਬੰਧਾਂ ਦੀ ਵਿਆਪਕ ਸਮੀਖਿਆ ਕੀਤੀ ਗਈ ਹੈ। ਪੁਲਿਸ ਕਰਮਚਾਰੀਆਂ ਨੂੰ ਚੌਕਸੀ ਅਤੇ ਤੁਰਤ ਪ੍ਰਤੀਕਿਰਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਨਿਰਦੇਸ਼ ਦਿੱਤੇ ਗਏ। ਫਰੀਦਕੋਟ ਪੁਲਿਸ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਆਜ਼ਾਦੀ ਦਿਵਸ ਨੂੰ ਭਾਵਨਾ, ਮਾਣ, ਸ਼ਾਂਤੀ ਅਤੇ ਏਕਤਾ ਨਾਲ ਮਨਾਉਣ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਐਬਸਫੋਰਡ 'ਚ ਪ੍ਰੇਮ ਦੀ ਲਹਿਰ ਸਮਾਗਮ- ਨਿਮਰਤਾ, ਦਇਆ ਤੇ ਸਾਂਝੀਵਾਲਤਾ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਦਾ ਸੱਦਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਐਬਸਫੋਰਡ, 8 ਅਗਸਤ : ਸ੍ਰੀ ਗੁਰੂ ਗਰੰਥ ਸਾਹਿਬ ਦਰਬਾਰ ਅਤੇ 'ਹਿਊਮਲਟੀ, ਕਾਈਂਡਨੈਸ ਐਂਡ ਲਵ ਫਾਊਂਡੇਸ਼ਨ' ਵੱਲੋਂ ਨਿਮਰਤਾ, ਦਇਆ ਅਤੇ ਪ੍ਰੇਮ ਦੀ ਲਹਿਰ ਤਹਿਤ ਇਕ ਕੌਮਾਂਤਰੀ ਸਮਾਗਮ ਬੀਤੇ ਸ਼ਨੀਵਾਰ ਐਬਸਫੋਰਡ ਸੈਂਟਰ ਵਿਖੇ ਕਰਵਾਇਆ ਗਿਆ। ਇਸ ਵਿਚ ਵਿਸ਼ਵ ਭਰ ਤੋਂ ਪਹੁੰਚੇ ਵਿਦਵਾਨਾਂ ਤੇ ਧਾਰਮਿਕ ਸ਼ਖ਼ਸੀਅਤਾਂ ਨੇ ਪਿਆਰ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।

ਸੰਤ ਬਾਬਾ ਬਲਦੇਵ ਸਿੰਘ ਨੇ ਆਏ ਵਿਦਵਾਨਾਂ ਅਤੇ ਸੰਗਤ ਦਾ ਸਵਾਗਤ ਕੀਤਾ ਤੇ ਇਸ ਇਤਿਹਾਸਕ ਕਾਨਫਰੰਸ ਵਿਚ ਸ਼ਮੂਲੀਅਤ ਕਰਕੇ ਮਹਾਨ ਪਲਾਂ ਦੇ ਰੂਬਰੂ ਹੋਣ ਲਈ ਧੰਨਵਾਦ ਕੀਤਾ। ਸਮਾਗਮ ਦੌਰਾਨ ਸੰਤ ਬਾਬਾ ਬਲਦੇਵ ਸਿੰਘ, ਡਾ ਅੰਨਾ ਸਟੀਵਾਰਟ ( ਪਨਾਮਾ ਯੂ ਐਸ ਏ), ਡਾ ਲੁਇਗੀ ਡੀ ਸਾਲਵੀਆ (ਇਟਲੀ), ਮੇਅਰ ਮਾਈਕਲ ਗੁਏਰਾ , ਸਿਖ ਵਿਦਵਾਨ ਹਰਿੰਦਰ ਸਿੰਘ ਤੋਂ ਇਲਾਵਾ ਕਈ ਹੋਰ ਵਿਦਵਾਨ ਬੁਲਾਰਿਆਂ ਨੇ ਨਿਮਰਤਾ ਤੇ ਪਿਆਰ ਦੇ ਸੰਦੇਸ਼ ਨਾਲ ਮਨੁੱਖੀ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਵੱਖ ਵੱਖ ਵਿਸ਼ਿਆਂ ਉਪਰ ਪੈਨਲ ਡਿਸਕਸ਼ਨ ਵੀ ਹੋਈ ਤੇ ਸੰਗਤ ਦੇ ਮਨਾਂ ਵਿਚ ਉਪਜੇ ਦੇ ਸਵਾਲਾਂ ਦਾ ਨਿਵਾਰਣ ਵੀ ਕੀਤਾ। ਇਸ ਮੌਕੇ ਬਾਬਾ ਜੀ ਵੱਲੋਂ ਵਿਸ਼ਵ ਭਰ ਦੇ ਵੱਖ ਵੱਖ ਸ਼ਹਿਰਾਂ ਵਾਸਤੇ ਸ਼ਾਂਤੀ ਅਤੇ ਪਿਆਰ ਦੇ ਅੰਬੈਸਡਰਾਂ ਦੀ ਨਿਯੁਕਤੀ ਵੀ ਕੀਤੀ ਗਈ। ਇਹ ਨਿਯੁਕਤੀ ਸਾਈਨ ਚੀਫ ਫਿਲ ਲੇਨ ਜੂਨੀਅਰ ਵੱਲੋ ਪ੍ਰਦਾਨ ਕੀਤੇ ਗਏ।

ਸਮਾਗਮ ਦੌਰਾਨ ਸਿਆਸੀ ਆਗੂਆਂ ਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਹਾਜ਼ਰੀ ਭਰੀ ਤੇ ਧਾਰਮਿਕ ਹਸਤੀਆਂ ਦਾ ਅਸ਼ੀਰਵਾਦ ਲਿਆ। ਸਮਾਗਮ ਵਿਚ ਐਮ ਪੀ ਸੁਖ ਧਾਲੀਵਾਲ, ਐਮ ਪੀ ਰਣਦੀਪ ਸਿੰਘ ਸਰਾਏ, ਐਮ ਪੀ ਟਿੰਮ ਉਪਲ, ਐਮ ਪੀ ਸੁਖਮਨ ਗਿੱਲ, ਐਮ ਪੀ ਟਮੈਰਾ ਜੈਨਸਨ, ਐਮ ਐਲ ਏ ਮਨਦੀਪ ਧਾਲੀਵਾਲ, ਐਮ ਐਲ ਏ ਹਰਮਨ ਭੰਗੂ, ਐਮ ਐਲ ਏ ਬਰੂਸ ਬੈਨਮੈਨ, ਐਮ ਐਲ ਏ ਕੋਰਕੀ ਨਿਊਫੈਲਡ, ਐਮ ਐਲ ਏ ਰੇਨ ਗੈਸਪਰ, ਕੌਂਸਲਰ ਕੈਲੀ ਚਾਹਲ, ਪਾਕਿਸਤਾਨ ਦੇ ਸਾਬਕਾ ਐਮ ਪੀ ਰਾਏ ਅਜ਼ੀਜ਼ ਉਲਾ ਖਾਨ, ਅਵਤਾਰ ਸਿੰਘ ਗਿੱਲ, ਕੈਲਗਰੀ ਤੋਂ ਅਵਤਾਰ ਸਿੰਘ ਕਲੇਰ ਤੇ ਹੋਰ ਕਈ ਸ਼ਖਸੀਅਤਾਂ ਹਾਜ਼ਰ ਸਨ।

## ਨਾਮਧਾਰੀ ਸੰਗਤ ਵੱਲੋਂ ਪੌਦੇ ਲਾ ਕੇ ਠਾਕੁਰ ਦਲੀਪ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 8 ਅਗਸਤ : ਵਰਤਮਾਨ ਨਾਮਧਾਰੀ ਪੰਥ ਮੁਖੀ ਠਾਕੁਰ ਦਲੀਪ ਸਿੰਘ ਦਾ 72ਵਾਂ ਜਨਮ ਦਿਹਾੜਾ ਇੰਡ: ਏਰੀਆ (ਸੀ) ਗਿਆਸਪੁਰਾ ਵਿਖ਼ੇ ਪੌਦੇ ਲਾ ਕੇ ਮਨਾਇਆ ਗਿਆ। ਇਹ ਜਾਣਕਾਰੀ ਦਿੰਦਿਆਂ ਹਰਵਿੰਦਰ ਸਿੰਘ ਨਾਮਧਾਰੀ ਅਤੇ ਅਰਵਿੰਦਰ ਸਿੰਘ ਲਾਡੀ ਨੇ ਦੱਸਿਆ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 6 ਅਗਸਤ ਨੂੰ ਨਾਮਧਾਰੀ ਸੰਗਤ ਵੱਲੋਂ ਠਾਕੁਰ ਦਲੀਪ ਸਿੰਘ ਦਾ ਜਨਮ ਦਿਹਾੜਾ ਵਿਸ਼ਵ ਪੱਧਰ 'ਤੇ ਬੜੇ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਗਿਅ। ਉਨ੍ਹਾਂ ਕਿਹਾ ਕਿ ਠਾਕੁਰ ਦਲੀਪ ਸਿੰਘ ਹਮੇਸ਼ਾ ਸਾਨੂੰ ਪ੍ਰੇਰਣਾ ਦਿੰਦੇ ਹਨ ਕਿ ਆਪਣੇ ਵਾਤਾਵਰਨ ਦੀ ਸੁਰੱਖਿਆ ਦਾ ਖ਼ਿਆਲ ਰੱਖੋ, ਵੱਧ ਤੋਂ ਵੱਧ ਦਰੱਖਤ ਲਾਓ। ਇਸ ਲਈ ਨਾਮਧਾਰੀ ਸੰਗਤ ਵੱਲੋ ਦੇਸ਼ ਦੇ ਵੱਖ ਵੱਖ ਹਿੱਸਿਆਂ ਦਿੱਲੀ, ਚੰਡੀਗੜ੍ਹ, ਉੱਤਰਾਖੰਡ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਪੰਜਾਬ ਦੇ ਅਲੱਗ ਅਲੱਗ ਜ਼ਿਲਿਆਂ ਵਿੱਚ ਪੌਦੇ ਲਾਏ ਜਾ ਰਹੇ ਹਨ ਅਤੇ ਉਹਨਾਂ ਦੀ ਸੰਭਾਲ ਬਾਰੇ ਵੀ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਅਮਰਜੀਤ ਸਿੰਘ ਭੁਰਜੀ, ਸਤਵਿੰਦਰ ਸੈਣੀ, ਸੰਜੀਵ ਸ਼ਰਮਾ, ਹਰਪਾਲ ਸਿੰਘ, ਮਨਸਾ ਸਿੰਘ, ਕਮਲੇਸ਼ ਮੋਰੀਆ, ਮਨਵਰ ਸਿੰਘ, ਸਤਿਨਾਮ ਸਿੰਘ, ਈਸ਼ਰ ਸਿੰਘ, ਹਰਦੀਪ ਰੀਹਲ, ਪਿਆਰਾ ਸਿੰਘ, ਨਿਰਮਲ ਕੌਰ, ਨਵਜੋਤ ਕੌਰ, ਸਵਰਨ ਸਿੰਘ ਅਤੇ ਅਰਵਿੰਦਰ ਲਾਡੀ ਹਾਜ਼ਰ ਸਨ।

## ਲੋਕ ਸੰਪਰਕ ਦੇ ਸੇਵਾ ਮੁਕਤ ਅਧਿਕਾਰੀਆਂ ਦੇ ਜਨਮ ਦਿਨ ਮਨਾਏ ਗਏ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ: 8 ਅਗਸਤ : ਪੰਜਾਬ ਸਰਕਾਰ ਨੂੰ ਸੇਵਾ ਮੁਕਤ ਪੈਨਸ਼ਨਰਾਂ ਦੇ ਡੀ.ਏ.ਦੇ ਬਕਾਇਆ ਤੁਰੰਤ ਦਿੱਤੇ ਜਾਣ, ਇਸ ਗੱਲ ਦਾ ਪ੍ਰਗਟਾਵਾ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ ਪਟਿਆਲਾ ਮੀਡੀਆ ਕਲੱਬ ਵਿਖੇ ਆਯੋਜਤ ਮਾਸਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਸ਼ੋਕ ਕੁਮਾਰ ਸ਼ਰਮਾ ਨੇ ਕੀਤਾ। ਪੰਜਾਬ ਦੇ ਮੁਲਾਜ਼ਮਾ ਨੂੰ ਕੇਂਦਰ ਦੇ ਪੈਟਰਨ 'ਤੇ ਡੀ.ਏ.ਦਿੱਤਾ ਜਾਵੇ। ਕੇਂਦਰ ਦੇ ਮੁਲਾਜ਼ 52 ਪ੍ਰਤੀਸ਼ਤ ਡੀ.ਏ.ਲੈਂਦੇ ਹਨ, ਪ੍ਰੰਤੂ ਪੰਜਾਬ ਦੇ ਮੁਲਾਜ਼ਮਾ ਨੂੰ 42 ਫ਼ੀਸਦੀ ਦਿੱਤਾ ਜਾਂਦਾ ਹੈ, ਉਹ ਵੀ ਪੂਰਾ ਨਹੀਂ ਦਿੱਤਾ ਜਾਂਦਾ। ਮੀਟਿੰਗ ਵਿੱਚ ਸਮੂਹ ਮੈਂਬਰਾਂ ਨੇ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਲੋਕ ਸੰਪਰਕ ਵਿਭਾਗ ਹਮੇਸ਼ਾ ਸਰਕਾਰ ਅਤੇ ਲੋਕਾਂ ਵਿੱਚ ਕੜੀ ਦਾ ਕੰਮ ਕਰਦਾ ਹੈ। ਪੈਨਸ਼ਨਰਾਂ ਦਾ ਕੈਸ਼ਲੈਸ ਇਲਾਜ਼ ਕਰਵਾਉਣ ਦਾ ਪ੍ਰਬੰਧ ਕੀਤਾ ਜਾਵੇ, ਕਿਉਂਕਿ ਬੁਢਾਪੇ ਵਿੱਚ ਬਿਮਾਰੀਆਂ ਘੇਰ ਲੈਂਦੀਆਂ ਹਨ।



ਪੈਨਸ਼ਨਰਾਂ ਨੇ ਆਪਣੀ ਨੌਕਰੀ ਦੌਰਾਨ ਸਰਕਾਰ ਦਾ ਪੂਰਾ ਸਾਥ ਦਿੱਤਾ ਹੈ, ਪ੍ਰੰਤੂ ਜੇਕਰ ਸਰਕਾਰ ਨੇ ਪੈਨਸ਼ਨਰਾਂ ਦੇ ਬਕਾਇਆ ਨਾ ਦਿੱਤੇ ਤਾਂ ਮਜ਼ਬੂਰ ਹੋ ਕੇ ਉਨ੍ਹਾਂ ਨੂੰ ਅੰਦੋਲਨ ਦਾ ਰੁੱਖ ਬਦਲਣਾ ਪਵੇਗਾ। ਸਰਕਾਰ ਪੈਨਸ਼ਨਰਾਂ ਦਾ ਬੁਢਾਪੇ ਵਿੱਚ ਇਮਤਿਹਾਨ ਲੈਣ ਦੀ ਕੋਸ਼ਿਸ਼ ਨਾ ਕਰੇ, ਇਨ੍ਹਾਂ ਦੇ ਪਰਿਵਾਰਾਂ ਦੀਆਂ ਵੀ ਵੋਟਾਂ ਹਨ। ਮੀਟਿੰਗ ਵਿੱਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ 15 ਅਗਸਤ ਨੂੰ ਆਜ਼ਾਦੀ ਦਿਵਸ ਧੂਮ ਧਾਮ ਨਾਲ ਮਨਾਇਆ ਜਾਵੇਗਾ। ਇਸ ਮੀਟਿੰਗ ਵਿੱਚ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਕੁਰਬਾਨੀਆਂ ਕਰਨ ਵਾਲੇ ਭਾਰਤੀਆਂ ਵਿਸ਼ੇਸ਼ ਤੌਰ 'ਤੇ ਪੰਜਾਬੀਆਂ ਨੂੰ ਸ਼ਰਧਾਂਜ਼ਲੀਆਂ ਭੇਂਟ ਕੀਤੀਆਂ ਗਈਆਂ। ਇਸ ਮੌਕੇ 'ਤੇ ਮੈਂਬਰਾਂ ਵੱਲੋਂ ਪੰਜਾਬੀਆਂ ਨੂੰ ਅਪੀਲ ਕੀਤੀ ਗਈ ਕਿ ਅਨੇਕਾਂ ਤਸੀਹੇ ਝੱਲਕੇ ਅਤੇ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਆਜ਼ਾਦੀ ਦਾ ਸੁਚਾਰੂ ਢੰਗ ਨਾਲ ਲਾਭ ਉਠਾਇਆ ਜਾਵੇ। ਉਨ੍ਹਾਂ ਨੌਜਵਾਨਾ ਨੂੰ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਪੰਜਾਬੀ ਨੌਜਵਾਨਾਂ ਨੂੰ ਆਪਣੀ ਕਾਬਲੀਅਤ ਦਾ ਪ੍ਰਵਾਸ ਦੀ ਥਾਂ ਆਪਣੇ ਦੇਸ਼ ਵਿੱਚ ਰਹਿਕੇ ਯੋਗਦਾਨ ਪਾਉਣਾ ਚਾਹਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਰਜੀਤ ਸਿੰਘ ਸੈਣੀ ਪ੍ਰਧਾਨ ਜਿਲ੍ਹਾ ਲੋਕ ਸੰਪਰਕ ਵਿਭਾਗ ਦੇ ਸੇਵਾ ਮੁਕਤ ਮੁਲਜ਼ਮਾ ਦੀ ਵੈਲਫ਼ੇਅਰ ਐਸੋਸੀਏਸ਼ਨ ਨੇ ਪਟਿਆਲਾ ਨੇ ਸੇਵਾ ਮੁਕਤ ਮੁਲਾਜ਼ਮਾ ਦੀ ਮੀਟਿੰਗ ਵਿੱਚ ਬੋਲਦਿਆਂ ਕੀਤਾ। ਇਸ ਮੌਕੇ 'ਤੇ ਅਮਰਜੀਤ ਸਿੰਘ ਵੜੈਚ ਅਤੇ ਪਰਮਜੀਤ ਸਿੰਘ ਸੇਠੀ ਦੇ ਜਨਮ ਦਿਨ ਕੇਕ ਕੱਟ ਕੇ ਮਨਾਏ ਗਏ। ਸਾਰੇ ਮੈਂਬਰਾਂ ਨੇ ਦੋਹਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਅਸ਼ੋਕ ਸ਼ਰਮਾ ਨੇ ਆਪਣੀ ਜ਼ਿੰਦਗੀ ਦੀ ਜਦੋਜਹਿਦ ਅਤੇ ਨੌਕਰੀ ਦੇ ਦਿਲਚਸਪ ਤਜ਼ਰਬੇ ਸਾਂਝੇ ਕੀਤੇ। ਇਸ ਮੀਟਿੰਗ ਵਿੱਚ ਮਟ੍ਲੰਦਰ ਸਿੰਘ ਦੁੱਗਲ ਨੇ ਕੈਨੇਡਾ ਵਿੱਚੋਂ ਆ ਕੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਅਮਰਜੀਤ ਸਿੰਘ ਵੜੈਚ, ਉਜਾਗਰ ਸਿੰਘ, ਸੁਰਜੀਤ ਸਿੰਘ ਸੈਣੀ, ਸੁਰਜੀਤ ਸਿੰਘ ਦੁਖੀ, ਕੁਲਜੀਤ ਸਿੰਘ, ਜੈ ਕ੍ਰਿਸ਼ਨ ਕੈਸ਼ਅਪ, ਮਟ੍ਲੰਦਰ ਸਿੰਘ ਦੁੱਗਲ, ਅਸ਼ੋਕ ਕੁਮਾਰ ਸ਼ਰਮਾ, ਪਰਮਜੀਤ ਕੌਰ ਸੋਢੀ, ਸ਼ਾਮ ਸੁੰਦਰ, ਨਰਾਤਾ ਸਿੰਘ ਸਿੱਧੂ, ਨਵਲ ਕਿਸ਼ੋਰ, ਜੀ.ਆਰ.ਕੁਮਰਾ, ਪਰਮਜੀਤ ਸਿੰਘ ਸੇਠੀ, ਬਿਮਲ ਕੁਮਾਰ ਚਕੋਤਰਾ, ਗੁਰਪ੍ਰਤਾਪ ਸਿੰਘ ਜੀ.ਪੀ.ਅਤੇ ਪਾਲ ਸਿੰਘ ਸ਼ਾਮਲ ਹੋਏ।

# ਗੁਣਾਂ ਦਾ ਖਜ਼ਾਨਾ ਨਿੰਮ ਦਾ ਰੁੱਖ ਹਰ ਵਿਹੜੇ 'ਚ ਹੋਵੇ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਨਿੰਮ ਦਾ ਦਰੱਖਤ ਸਾਡੇ ਲਈ ਬਹੁਤ ਲਾਹੇਵੰਦ ਹੈ।ਇਸ ਦੀ ਲਕੜੀ ਵਧੀਆ ਤਾਂ ਹੁੰਦੀ ਹੀ ਹੈ ਸਗੋਂ ਵੈਦਿਕ ਪੱਖੋਂ ਗੁਣਕਾਰੀ ਵੀ ਹੈ।ਇਸ ਦੀ ਲਕੜੀ ਨੂੰ ਸਿਉਂਕ ਨਹੀਂ ਲਗਦੀ ਇਸੇ ਕਰਕੇ ਇਸ ਦੀਆਂ ਬਣੀਆਂ ਚੀਜ਼ਾਂ ਦੀ ਵਧੇਰੇ ਮੰਗ ਕੀਤੀ ਜਾਂਦੀ ਹੈ।ਪੰਜਾਬ ਅੰਦਰ ਜੰਗਲਾਤ ਵਿਭਾਗ ਹਰੇਕ ਸਾਲ ਨਿੰਮਾਂ ਲਾਉਣ ਦਾ ਯਤਨ ਕਰਦਾ ਹੈ ਪਰ ਇਹ ਬਹੁਤੀਆਂ ਨਿੰਮਾਂ ਦਰੱਖਤ ਬਣਨ ਤੋਂ ਪਹਿਲਾਂ ਹੀ ਕਿਸੇ ਨਾ ਕਿਸੇ ਕਾਰਨ ਸੁੱਕ ਜਾਂ ਮਰ ਜਾਂਦੀਆਂ ਹਨ।ਇਨ੍ਹਾਂ ਦੇ ਸਾਂਭ ਸੰਭਾਲ ਲਈ ਸਾਧਨਾਂ ਦੀ ਘਾਟ ਜਰੂਰ ਰੜਕਦੀ ਹੈ।ਨਹਿਰਾਂ , ਸੜਕਾਂ , ਬਰਸਾਤੀ ਨਾਲਿਆਂ ਆਦਿ ਦੇ ਆਲੇ ਦੁਆਲੇ ਬਹੁਤ ਜਗ੍ਹਾ ਖਾਲੀ ਪਈ ਨਜ਼ਰੀ ਪੈਂਦੀ ਹੈ ਜਿਥੇ ਨਵੇਂ ਦਰਖੱਤਾਂ ਨੂੰ ਲਾ ਕੇ ਵਾਤਾਵਰਣ ਨੂੰ ਸੁਖਾਵਾਂ ਬਣਾਇਆ ਜਾ ਸਕਦਾ ਹੈ।ਭਾਵੇਂ ਲੱਖਾਂ ਰੁਪਏ ਇਸ ਕਾਰਜ ਲਈ ਹਰੇਕ ਸਾਲ ਖਰਚੇ ਜਾਂਦੇ ਹਨ ਪਰ ਇਸ ਕਾਰਜ 'ਚੋਂ ਸਾਰਥਕ ਸਿੱਟੇ ਨਿਕਲਦੇ ਨਜ਼ਰ ਨਹੀਂ ਆਉਂਦੇ।

ਨਿੰਮ ਦਾ ਘੋਂਟਣਾ ਅਜੇ ਵੀ ਰਸੋਈ ਦੀ ਸ਼ਾਨ ਹੈ।ਨਿੰਮ ਦੀ ਦਾਤਣ ਕਰਨ ਨਾਲ ਮੂੰਹ ਅੰਦਰਲੇ ਕਈ ਰੋਗਾਂ ਤੋਂ ਛੁਟਕਾਰਾ ਮਿਲਦਾ ਹੈ। ਨਿੰਮ ਦੇ ਪੱਤੇ ਪਾਣੀ ਵਿੱਚ ਉਬਾਲ ਕੇ ਵੀ ਕਈ ਬਿਮਾਰੀਆਂ ਦੇ ਇਲਾਜ ਜਿਵੇਂ ਵਾਲਾਂ ਦੀ ਸਿਕਰੀ,ਮਸੂੜਿਆਂ ਦੀ ਸੋਜ,ਡਾਇਬਿਟੀਜ਼,ਪੇਟ ਦੇ ਕੀੜੇ,ਫੌੜੇ ਫਿੰਸੀ ਆਦਿ ਲਈ ਲਾਹੇਵੰਦ ਤਾਂ ਹੈ ਹੀ ਪਰ ਨਵਜੋਤ ਸਿੰਘ ਸਿੱਧੂ ਨੇ ਯੂ-ਟਿਊਬ ਤੇ ਆਪਣੀ ਪਤਨੀ ਦੇ ਕੈਂਸ਼ਰ ਦੀ ਬਿਮਾਰੀ ਦੇ ਵਿੱਚ ਹੋਰ ਕਈ ਦੇਸ਼ੀ ਚੀਜ਼ਾਂ ਦੇ ਨਾਲ ਨਿੰਮ ਦੇ ਪੱਤਿਆਂ ਦੇ ਸੇਵਨ ਨਾਲ ਕੈਂਸ਼ਰ ਨੂੰ ਵੀ ਠੱਲ੍ਹ ਪਾਉਣ ਦੀ ਗੱਲ ਕੀਤੀ ਹੈ । ਨਿੰਮ ਦੀਆਂ ਨਿਮੋਲੀਆਂ ਭਾਵ ਫਲ ਦਵਾਈਆਂ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ।ਇਨ੍ਹਾਂ ਤੋਂ ਸਾਬਣ ਵੀ ਤਿਆਰ ਕੀਤਾ ਜਾਂਦਾ ਹੈ।ਪਿੰਡਾਂ 'ਚ ਹੁਣ ਕਿਸੇ ਟਾਵੇਂ ਘਰ ਦੇ ਵਹਿੜੇ ਵਿੱਚ ਨਿੰਮ ਹੋਵੇਗੀ।ਕਿਸੇ ਸਮੇਂ ਘਰ ਦੇ ਵਹਿੜੇ 'ਚ ਨਿੰਮ ਹੋਣੀ ਵਹਿੜੇ ਦੀ ਸ਼ਾਨ ਅਤੇ ਵਧੀਆ ਮੰਨੀ ਜਾਂਦੀ ਸੀ। ਪਿਛਲੇ ਦਿਨੀਂ ਆਪਣੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਗਿਆ ਤਾਂ ਕਿਸੇ ਕੰਮ ਸਾਬਕਾ ਸਰਪੰਚ ਦੇ ਘਰ ਜਾਣਾ ਪਿਆ।ਉਨ੍ਹਾਂ ਦੇ ਮਾਤਾ ਜੀ ਦਰਵਾਜ਼ੇ ਦੇ ਨਾਲ ਬੈਠੇ ਨਿੰਮ ਦੀਆਂ ਨਿਮੋਲੀਆਂ ਨੂੰ ਮਧੋਲ ਕੇ ਟੂਟੀ ਹੇਠ ਪਾਣੀ ਨਾਲ ਧੋ ਕੇ ਹਿੜਕਾਂ ਸਾਫ਼ ਕਰਕੇ ਨਿਕਾਲ ਰਹੇ ਸੀ।ਇਹ ਨਿਮੋਲੀਆਂ ਉਨ੍ਹਾਂ ਦੇ ਗੇਟ ਅੱਗੇ ਖੜ੍ਹੀ ਨਿੰਮ ਦੀਆਂ ਸਨ।ਮੇਰੇ ਜਿਹਨ ਵਿੱਚ ਪੰਜ ਦਹਾਕੇ ਪਹਿਲਾਂ ਬਚਪਨ ਦੇ ਨਿਮੋਲੀਆਂ ਨਾਲ ਜੁੜੇ ਦਿਨ ਯਾਦ ਆ ਗਏ।ਉਦੋਂ ਤਾਂ ਬਹੁਤੇ ਘਰਾਂ 'ਚ ਨਿੰਮ ਦਾ ਘਰ ਤਿਆਰ ਕੀਤਾ ਸਾਬਣ ਵਰਤਿਆ ਜਾਂਦਾ ਸੀ।ਅਸੀਂ ਵੀ ਹਰੇਕ ਸਾਲ ਇਨ੍ਹਾਂ ਦਿਨਾਂ ਵਿੱਚ ਪਿੰਡ ਦੀ ਫਿਰਨੀ ਦੁਆਲੇ ਨੇੜੇ ਤੇੜੇ ਦੀਆਂ ਨਿੰਮਾਂ ਹੇਠੋਂ ਨਿਮੋਲੀਆਂ ਚੁੱਗ ਕੇ ਲਿਆਉਂਦੇ।ਸਾਡੇ ਆਲੇ ਦੁਆਲੇ ਸਾਰੇ ਗੁਆਂਢੀ ਨਿਮੋਲੀਆਂ ਦਾ ਸਾਬਣ ਜਰੂਰ ਬਣਾਉਂਦੇ ਕਿਉਂ ਕਿ ਸਿਆਣਿਆਂ ਕਿਹਾ, 'ਘਰ ਦੀ ਮੁਰਗੀ ਦਾਲ ਬਰਾਬਰ'।ਪਿੰਡਾਂ ਵਿੱਚ ਲੋਕ ਉਸ ਸਮੇਂ ਜ਼ਿਆਦਾ ਚੀਜਾਂ ਘਰ ਬਣਾ ਕੇ ਹੀ ਵਰਤਦੇ ਸੀ।ਇਸ ਕਰਕੇ ਇਨ੍ਹਾਂ ਫਾਲਤੂ ਡਿਗੀਆਂ ਨਿਮੋਲੀਆਂ ਤੋਂ ਮੁਫਤ ਵਾਂਗ ਸਾਬਣ ਤਿਆਰ ਕਰ ਲੈਂਦੇ।ਉਂਞ ਆਪਣੀ ਬੀਜੀ ਮੂੰਗਫਲੀ ਅਤੇ ਰਿੰਡ ਦੀਆਂ ਗਿਰੀਆਂ ਤੋਂ ਵੀ ਕਈ ਘਰ ਸਾਬਣ ਬਣਾਉਦੇ । ਉਸ ਸਮੇਂ ਤਕਰੀਬਨ ਸਾਰੇ ਘਰਾਂ 'ਚ ਹੱਥ ਨਾਲ ਆਟਾ ਪੀਸਣ ਵਾਲੀ ਚੱਕੀ ਹੁੰਦੀ ਸੀ। ਨਿਮੋਲੀਆਂ ਨੂੰ ਮਸਲ ਕੇ ਧੌਂ ਕੇ ਸੁਕਾ ਕੇ ਪਹਿਲਾਂ ਤਾਂ ਹੱਥ ਚੱਕੀ ਨਾਲ ਉਸ ਦਾ ਦਰੜ ਕਰ ਲਿਆ ਜਾਂਦਾ ਜਿਸ ਨਾਲ ਛਿਲਕੇ ਛੱਜ ਨਾਲ ਛੰਡ ਕੇ ਗੇਰੂ ਵੱਖਰੇ ਕਰ ਲਏ ਜਾਂਦੇ ਤੇ ਬਾਅਦ 'ਚ ਉੱਖਲੀ ਵਿੱਚ ਕੁੱਟ ਕੇ ਝਾਰਨੇ ਨਾਲ ਛਾਣਾ ਲਾ ਦਿੰਦੇ ਤੇ ਬਚੇ ਮੋਟੇ ਦਰੜ ਨੂੰ ਦੁਬਾਰਾ ਕੁੱਟ ਕੁੱਟ ਕੇ ਬਾਰੀਕ ਕਰ ਲੈਂਦੇ। ਇਸ ਪਾਊਡਰ ਰੂਪੀ ਨਿਮੋਲੀਆਂ ਨੂੰ ਵੱਡੇ ਖੁੱਲ੍ਹੇ ਤਸਲੇ ਵਿੱਚ ਪਾਕੇ ਹਿਸਾਬ ਨਾਲ ਕਸਟਕ ਸੋਡਾ ਪਾ ਕੇ ਸੋਟੇ ਨਾਲ ਘੋਟਾ ਲਾਇਆ ਜਾਂਦਾ ਜਿਸ ਨਾਲ ਕਾਸਟਕ ਸੋਡਾ ਘੁਲ੍ਹ ਜਾਂਦਾ।ਖਾਲੀ ਪੀਪਿਆਂ ਤੋਂ ਗੱਡੀਆਂ ਵਾਲਿਆਂ ਤੋਂ ਬਣਵਾਏ ਝਾਰਨਿਆਂ ਵਗੈਰਾ 'ਚ ਪੂਰਾ ਘੋਟਿਆ ਮਿਸ਼ਰਣ ਪੁਰਾਣਾ ਕਪੜਾ ਪਾ ਕੇ ਜਮਾ ਲਿਆ ਜਾਂਦਾ ਤੇ ਫਿਰ ਸਾਬਣ ਦੀਆਂ ਟਿੱਕੀਆਂ ਕੱਟ ਲਈਆਂ ਜਾਂਦੀਆਂ।ਕਈ ਪਾਥੀਆਂ ਵਾਂਗ ਵੀ ਪੱਥ ਕੇ ਛੋਟੀਆਂ ਪਾਥੀ ਰੂਪੀ ਸਾਬਣ ਦੀਆਂ ਟਿੱਕੀਆਂ ਵੀ ਬਣਾ ਲੈਂਦੇ।ਅੱਜ ਦੇ ਪਰਿਵਾਰਾਂ ਵਿੱਚ ਇੱਕ ਜਾਂ ਦੋ ਬੱਚੇ ਹੀ ਹੁੰਦੇ ਹਨ ਜਿਨ੍ਹਾਂ ਕੋਲ ਇਹੋ ਜਿਹੇ ਕੰਮ ਕਰਨ ਜਾਂ ਮਾਪਿਆਂ ਦੀ ਮਦਦ ਕਰਨ ਦਾ ਸਮਾਂ ਹੀ ਨਹੀਂ ਹੁੰਦਾ।ਬਹੁਤੇ ਪਰਿਵਾਰਾਂ ਦੀ ਆਰਥਿਕ ਸਥਿਤੀ 'ਚ ਸੁਧਾਰ ਹੋਇਆ ਹੈ,ਹੁਣ ਇਹੋ ਜਿਹੇ ਕੰਮਾਂ ਨੂੰ ਪਸ਼ੰਦ ਵੀ ਨਹੀਂ ਕੀਤਾ ਜਾਂਦਾ।ਭਾਵੇਂ ਨਿਮੋਲੀਆਂ ਤੋਂ ਬਣੀ ਸਾਬਣ ਅੱਜ ਦੀਆਂ ਬਜ਼ਾਰੂ ਨੀਮ ਦੀਆਂ ਸਾਬਣ ਦੀਆਂ ਟਿੱਕੀਆਂ ਤੋਂ ਕਿਤੇ ਵਧੀਆ ਹੁੰਦੀ ਹੈ ਪਰ ਹੁਣ ਬਜ਼ਾਰ ਦੀਆਂ ਚੀਜ਼ਾਂ ਦੀ ਘਰਾਂ 'ਚ ਜ਼ਿਆਦਾ ਵਰਤੋਂ ਹੁੰਦੀ ਹੈ।ਨੀਮ ਦੇ ਪੱਤੇ ਬਹੁਤ ਸਾਰੇ ਰੋਜ਼ਾਨਾ ਵਰਤੋਂ ਵਾਲੇ ਪ੍ਰੋਡਕਟਾਂ ਉੱਪਰ ਛਾਪ ਕੇ ਲੋਕਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਲੋਕਾਂ 'ਚ ਜਾਗਰੂਕਤਾ ਫੈਲਾਉਣ ਦੀ ਲੋੜ ਹੈ ਤਾਂ ਕਿ ਨਿੰਮਾਂ ਦੀਆਂ ਨਿਮੋਲੀਆਂ ,ਪੱਤਿਆਂ,ਟਾਹਣੀਆਂ, ਲਕੜੀ ਆਦਿ ਦੇ ਅਸਲ ਫਾਇਦਿਆਂ ਤੋਂ ਜਾਣੂ ਹੋ ਸਕੀਏ।

# ਆਓ ਨੀ ਕੁੜੀਓ ਰਲ਼ ਮਿਲ਼ ਗਿੱਧਾ ਪਾ ਲਈਏ,ਅਲੋਪ ਹੋ ਰਹੀਆਂ ਤੀਆਂ ਆਪਾਂ ਫੇਰ ਮਨਾ ਲਈਏ....



ਤੀਆਂ ਆਪਸੀ ਮਿਲਣੀ ਤੇ ਆਪਸੀ ਸਾਂਝ ਦਾ ਤਿਉਹਾਰ ਹੈ, ਜਿਸ ਦਾ ਦਿਨ ਬ ਦਿਨ ਰੂਪ ਬਦਲ ਰਿਹਾ ਹੈ। ਤੀਆਂ ਦਾ ਆਪਣਾ ਹੀ ਚਾਅ ਹੁੰਦਾ

ਆਇਆ ਸਾਉਣ ਦਾ ਮਹੀਨਾ, ਮੈਨੂੰ ਚਾਅ ਕੁੜੀਓ।
ਲੈਣ ਆਇਆ ਮੈਨੂੰ, ਮੇਰਾ ਨੀ ਭਰਾ ਕੁੜੀਓ।

ਤੀਆਂ ਸਾਉਣ ਦੇ ਮਹੀਨੇ ਦੇ ਚਾਨਣ ਪੱਖ ਦੀ ਤੀਜ ਵਾਲੇ ਦਿਨ ਸ਼ੁਰੂ ਹੁੰਦੀਆਂ ਹਨ । ਪੁੰਨਿਆਂ ਨੂੰ ਖਤਮ ਹੋ ਜਾਂਦੀਆਂ ਹਨ। ਰੀਤ ਮੁਤਾਬਕ ਮਾਪੇ ਆਪਣੀਆਂ ਧੀਆਂ ਨੂੰ ਸਾਉਣ ਮਹੀਨਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੇਕੇ ਲੈ ਆਉਦੇ ਹਨ। ਕੁੜੀਆਂ ਹੱਥਾਂ ਤੇ ਮਹਿੰਦੀ ਲਾਉਦੀਆਂ ਹਨ ਤੇ ਨਾਲੇ ਰੰਗ ਬਰੰਗੀਆਂ ਚੂੜੀਆਂ ਵੀ ਚੜ੍ਹਾਉਂਦੀਆਂ ਹਨ। ਫਿਰ ਸ਼ਾਮ ਨੂੰ ਤਿਆਰ ਹੋ ਕੇ ਕਿਸੇ ਸਾਂਝੀ ਥਾਂ ਤੇ ਜਾਂਦੀਆਂ ਹਨ ।ਪਿੱਪਲਾਂ, ਟਾਹਲੀਆਂ. ਬੋਹੜਾਂ (ਬਰੋਟਿਆਂ) 'ਤੇ ਪੀਘਾਂ ਪਾਉਂਦੀਆਂ ਹਨ, ਗੋਲ ਘੇਰਾ ਬਣਾ ਕੇ ਗਿੱਧਾ ਪਾਉਦੀਆਂ ਹਨ । ਇੱਕ ਕੁੜੀ ਬੋਲੀ ਪਾਉਂਦੀ ਹੈ ਤੇ ਬਾਕੀ ਸਾਰੀਆਂ ਆਖਰੀ ਟੱਪੇ ਨੂੰ ਬਾਰ ਬਾਰ ਦੁਹਰਾ ਕੇ ਬੋਲਦੀਆਂ ਹਨ ਤੇ ਦੋ ਜਾਂ ਵੱਧ ਕੁੜੀਆਂ ਘੇਰੇ ਅੰਦਰ ਨੱਚਦੀਆਂ ਹਨ ।
ਤੀਆਂ ਤੋਂ ਪਹਿਲਾਂ ਦੂਜ ਦੀ ਰਾਤ 'ਮਹਿੰਦੀ ਵਾਲੀ ਰਾਤ' ਹੁੰਦੀ ਹੈ। ਸਭ ਬੁੱਢੀਆਂ, ਅੱਧਖੜ, ਜੁਆਨ ਔਰਤਾਂ, ਮੁਟਿਆਰਾਂ ਕੁੜੀਆਂ ਆਪਣੇ ਹੱਥ ਅਤੇ ਪੈਰਾਂ 'ਤੇ ਮਹਿੰਦੀ ਲਗਾਉਂਦੀਆਂ ਹਨ। ਵਣਜਾਰਿਆਂ ਤੋਂ ਰੰਗ-ਬਰੰਗੀਆਂ ਚੂੜੀਆਂ ਚੜ੍ਹਾਉਂਦੀਆਂ ਨੇ। ਦੂਜੀ ਸਵੇਰ, ਆਪਣੀਆਂ ਤਲੀਆਂ 'ਤੇ ਖਿੜੇ ਮਹਿੰਦੀ ਦੇ ਰੱਤੇ ਫੁੱਲਾਂ ਨੂੰ ਤੱਕ ਤੱਕ ਫੁੱਲੀਆਂ ਨਹੀਂ ਸਮਾਉਂਦੀਆਂ। ਮਹਿੰਦੀ ਦੇ ਉਘੜਨ ਬਾਰੇ ਕਹਿੰਦੇ ਨੇ ਕਿ ਜਿਸ ਕੁੜੀ ਦੇ ਹੱਥਾਂ ਉੱਤੇ ਮਹਿੰਦੀ ਵੱਧ ਉਘੜੇ, ਉਹ ਕੁੜੀ ਓਨੀ ਹੀ ਆਪਣੀ ਸੱਸ ਨੂੰ ਵੱਧ ਪਿਆਰੀ ਹੁੰਦੀ ਹੈ।
ਤੀਆਂ ਪੰਜਾਬ ਦੀਆਂ ਮੁਟਿਆਰਾਂ ਦਾ ਮਨ ਭਾਉਂਦਾ ਤਿਉਹਾਰ ਹੈ। ਪਿੰਡ ਦੀਆਂ ਕੁੜੀਆਂ, ਖ਼ਾਸ ਤੌਰ 'ਤੇ ਵਿਆਹੀਆਂ ਵਰ੍ਹੀਆਂ, ਜਦੋਂ ਸਾਉਣ ਦੇ ਮਹੀਨੇ ਤੀਆਂ ਦੇ ਬਹਾਨੇ ਪੇਕੇ ਆਉਂਦੀਆਂ ਤਾਂ ਸਭ ਇੱਕਠੀਆਂ ਹੋ ਚਿੜੀਆਂ ਬਣ ਜਾਂਦੀਆਂ ਹਨ। ਇਸੇ ਕਰਕੇ 'ਤੀਆਂ ਤੀਜ ਦੀਆਂ' ਬਣੀਆਂ। ਕਈ ਥਾਂਈਂ ਇਹ ਤਿਉਹਾਰ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਮਨਾਇਆ ਜਾਂਦਾ ਹੈ। ਪਿੰਡ ਦੀ ਕੋਈ ਸਾਂਝੀ, ਪਿੰਡੋਂ ਬਾਹਰ ਦੀ ਜਗ੍ਹਾ ਵਿੱਚ, ਪਿੱਪਲਾਂ ਬੋਹੜਾਂ, ਟਾਹਲੀਆਂ ਵਰਗੇ ਦਰਖਤਾਂ ਦੀ ਛਾਂ ਹੇਠ ਕਈ ਕਈ ਦਿਨ ਰੰਗਲਾ ਮਹੌਲ ਬਣਿਆ ਰਹਿੰਦਾ। ਤੀਆਂ ਦੀਆਂ ਬੋਲੀਆਂ...
ਸਾਉਣ ਮਹੀਨਾ ਦਿਨ ਤੀਆਂ ਦੇ,
ਸਭੇ ਸਹੇਲੀਆਂ ਆਈਆਂ।
ਸਾਉਣ ਮਹੀਨਾ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ-ਕੁੱਦਣ ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਆਹ ਲੈ ਮਿੱਤਰਾ ਕਰ ਲੈ ਖਰੀਆਂ
ਬਾਂਕਾਂ ਮੇਚ ਨਾ ਆਈਆਂ
ਗਿੱਧਾ ਪਾ ਰਹੀਆਂ-
ਨਣਦਾਂ ਤੇ ਭਰਜਾਈਆਂ

ਵਰਲਡ ਪੰਜਾਬੀ ਟਾਈਮਜ਼
ਰਾਜਿੰਦਰ ਰਾਣੀ

ਤੀਆਂ ਦੇ ਦਿਨਾਂ ਵਿੱਚ ਲੋਕ ਆਪਣੇ ਘਰਾਂ ਵਿੱਚ ਖੀਰ-ਕੜਾਹ, ਪੂੜੇ, ਗੁਲਗਲੇ ਆਦਿ ਪਕਾਉਂਦੇ ਸਨ। ਇੱਕ ਪਰਿਵਾਰ ਦੀ ਤਰ੍ਹਾਂ ਕੁੜੀਆਂ ਵੱਲੋਂ ਇੱਕ ਜਗ੍ਹਾ ਇਕੱਠੀਆਂ ਹੋ ਕੇ ਸਰ੍ਹੋਂ ਦੇ ਤੇਲ ਵਿੱਚ ਪੂੜੇ ਅਤੇ ਗੁਲਗਲੇ ਪਕਾਏ ਜਾਂਦੇ ਸਨ, ਜਿਸ ਨੂੰ ਸਭ ਰਲਮਿਲ ਕੇ ਇਕੱਠੇ ਬੈਠ ਕੇ ਖਾਂਦੇ ਸਨ, ਪਰ ਹੁਣ ਇਹ ਘਰੇ ਬਣਨ ਵਾਲੇ ਪਕਵਾਨ ਜ਼ਿਆਦਾਤਰ ਦੁਕਾਨਾਂ ਉੱਪਰ ਮਿਲਣੇ ਸ਼ੁਰੂ ਹੋ ਗਏ ਹਨ।
ਸਾਉਣ ਦੇ ਮਹੀਨੇ ਇਕੱਠੀਆਂ ਹੋਈਆਂ ਕੁੜੀਆਂ ਭਾਦੋਂ ਚੜ੍ਹਦਿਆਂ ਹੀ ਤੀਆਂ ਦੀ 'ਬੱਲੋ' ਪਾਕੇ ਸਹੁਰਿਆਂ ਦੀ ਤਿਆਰੀ ਕਰਦੀਆਂ । ਬੱਲੋ ਦਾ ਤੋਂ ਭਾਵ, ਤੀਆਂ ਦੀ ਸਮਾਪਤੀ, ਆਪਣੇ ਪੇਕੇ ਪਿੰਡ, ਬਾਬਲ ਦੇ ਘਰ, ਭੈਣਾਂ ਭਰਾਵਾਂ ਭਤੀਜਿਆਂ ਦੀ ਸੁੱਖ ਮੰਗਦੀਆਂ ਕੁੜੀਆਂ ਗਿੱਧੇ ਦੇ ਸਿਖਰ 'ਤੇ ਪਹੁੰਚ ਕੇ ਤੀਆਂ ਦੀ ਸਮਾਪਤੀ ਕਰਦੀਆਂ ਹਨ। ਪੁੰਨਿਆਂ ਵਾਲੇ ਦਿਨ ਬੱਲੋ ਪਾਈ ਜਾਂਦੀ ਹੈ । ਕੁੜੀਆਂ ਘਰ ਨੂੰ ਵਾਪਸ ਜਾਂਦੀਆਂ ਵਾਰ ਵਾਰ ਰੁਕ ਰੁਕ ਕੇ ਗਿੱਧਾ ਪਾਉਂਦੀਆਂ ਤੇ ਨਾਲੇ ਗੀਤ ਗਾਉਂਦੀਆਂ ਘਰਾਂ ਨੂੰ ਜਾਂਦੀਆਂ ਹਨ ਅਤੇ ਦੁੱਬ (ਹਰਾ ਘਾਹ) ਪੁੱਟ ਕੇ ਲਿਆਉਂਦੀਆਂ ਹਨ ਤਾਂ ਜੋ ਵੀਰ ਦਾ ਘਰ ਸਾਉਣ ਦੇ ਮਹੀਨੇ ਦੇ ਘਾਹ ਵਾਂਗੂੰ ਹਰਿਆ-ਭਰਿਆ ਰਹੇ। ਗਿੱਧੇ ਦਾ ਅੰਤ ਕਰਦੀਆਂ ਹੋਈਆਂ ਉਹ ਕਹਿੰਦੀਆਂ ਹਨ:
ਸਾਉਣ ਵੀਰ ਕੱਠੀਆ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।
ਤੀਆਂ ਦੇ ਸਮਾਪਤ ਹੁੰਦਿਆਂ ਘਰੋ ਘਰੀਂ ਜਾਣ 'ਤੇ ਅੱਗੋਂ ਪੇਕਿਆਂ ਤੋਂ ਆਪਣੇ ਸਹੁਰੇ ਜਾਣ ਦਾ ਡੋਬਾ ਤਾਂ ਪੈਂਦਾ ਹੈ ਪਰ ਆਖ਼ਰੀ ਦਿਨ ਬੱਲੋ ਪੈਂਦਿਆਂ ਹੀ ਆਖ਼ਰੀ ਬੋਲੀ ਬੜੀ ਆਸ ਨਾਲ ਪਾਈ ਜਾਂਦੀ ਹੈ ਤਾਂ ਕਿ ਇਸ ਤਿਉਹਾਰ ਦੇ ਬਹਾਨੇ ਮਿਲਣ-ਗਿਲਣ, ਹੱਸਣ-ਖੇਡਣ, ਨੱਚਣ-ਟੱਪਣ ਦਾ ਸਿਲਸਿਲਾ ਚਲਦਾ ਰਹੇ
ਤੀਆਂ ਤੀਜ ਦੀਆਂ – ਵਰ੍ਹੇ ਦਿਨਾਂ ਨੂੰ ਫੇਰ ..........
ਅੱਜਕੱਲ ਇਹ ਤਿੱਥ-ਤਿਉਹਾਰ ਅਲੋਪ ਹੁੰਦੇ ਜਾ ਰਹੇ ਹਨ।
ਪਰ ਹੁਣ ਤੀਆਂ ਪਹਿਲਾਂ ਵਾਂਗ ਨਹੀਂ ਮਨਾਈਆਂ ਜਾਂਦੀਆਂ। ਨਾ ਹੀ ਮੁਟਿਆਰਾਂ ਨੂੰ ਤੀਆਂ ਦੀ ਪਹਿਲਾਂ ਵਾਂਗ ਬੇਸਬਰੀ ਨਾਲ ਉਡੀਕ ਹੁੰਦੀ ਹੈ। ਬੇਸ਼ੱਕ ਕੁਝ ਕੁ ਮੁਟਿਆਰਾਂ ਹੁਣ ਵੀ ਸਾਉਣ ਮਹੀਨੇ ਪੇਕੇ ਪਿੰਡ ਆਉਂਦੀਆਂ ਹਨ, ਪਰ ਪਹਿਲਾਂ ਵਾਂਗ ਤੀਆਂ ਵਿੱਚ ਨਹੀਂ ਜਾਂਦੀਆਂ। ਨਾ ਹੀ ਪਿੱਪਲਾਂ ਬੋਹੜਾਂ ਹੇਠ ਮੁਟਿਆਰਾਂ ਵੱਲੋਂ ਤੀਆਂ ਦੀਆਂ ਰੌਣਕਾਂ ਲੱਗਦੀਆਂ ਹਨ।
ਸਮੇਂ ਦੀ ਬਦਲਦੀ ਚਾਲ ਅਤੇ ਢਾਲ ਨੇ ਮਨੁੱਖੀ ਜ਼ਿੰਦਗੀ ਦੀ ਰਵਾਨੀ ਉੱਪਰ ਗਹਿਰਾ ਪਰਛਾਵਾਂ ਪਾਇਆ ਹੈ। ਠੁਮਕਦੀ, ਰੁਮਕਦੀ ਤੌਰ ਤੁਰਦੀ ਜ਼ਿੰਦਗੀ ਹੁਣ ਮਸ਼ੀਨ ਬਣ ਗਈ ਹੈ। ਜ਼ਿੰਦਗੀ ਵਿਚੋਂ ਮੜਕ, ਖੁੱਲ੍ਹਾਪਣ ਅਤੇ ਬੇਪਰਵਾਹੀ ਦੂਰ ਹੋ ਗਏ। ਨਿੱਤ ਦੀ ਭੱਜ ਦੌੜ ਨੇ ਜੀਵਨ ਦੇ ਬਹੁਤ ਸਾਰੇ ਰਸ ਖ਼ਤਮ ਕਰ ਦਿੱਤੇ ਹਨ। ਬਦਲ ਰਹੇ ਵਰਤਾਰੇ ਨੇ ਸਾਡੇ ਮੇਲਿਆਂ ਤਿਉਹਾਰਾਂ 'ਤੇ ਵੀ ਬਹੁਤ ਅਸਰ ਕੀਤਾ ਹੈ। ਸ਼ਾਇਦ ਇਸੇ ਕਰਕੇ ਤੀਆਂ ਵਰਗੇ ਤਿਉਹਾਰ ਖੁੱਲ੍ਹੇ ਡੁੱਲ੍ਹੇ ਪਿੜਾਂ ਵਿਚੋਂ ਸਿਮਟ ਕੇ ਸਟੇਜ ਜਾਂ ਸਕਰੀਨ ਤੱਕ ਸੀਮਤ ਹੋ ਗਏ ਹਨ, ਪਰ ਖ਼ੁਸ਼ੀ ਵਾਲੀ ਗੱਲ ਹੈ ਕਿ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਕਸਬਿਆਂ ਵਿੱਚ ਤੀਆਂ ਵਰਗੇ ਮਹਿਕਦੇ ਤਿਉਹਾਰ ਜਿਉਂਦੇ ਜਾਗਦੇ ਹਨ।
ਜਿਹੜੀਆਂ ਕੁੜੀਆਂ ਤੀਆਂ ਦੇ ਦਿਨਾਂ 'ਚ ਪੇਕੇ ਨਹੀਂ ਆਉਂਦੀਆਂ, ਉਨ੍ਹਾਂ ਨੂੰ ਮਾਪੇ ਤੀਆਂ ਦਾ ਸੰਧਾਰਾ ਭੇਜਦੇ ਹਨ। ਸੰਧਾਰੇ ਵਿੱਚ ਕੁੜੀ ਦਾ ਸੂਟ, ਚੂੜੀਆਂ, ਮਹਿੰਦੀ, ਮਠਿਆਈ, ਸ਼ਗਨ ਵਜੋਂ ਪੈਸੇ, ਸੱਸ, ਨਣਦ ਅਤੇ ਜੁਆਈ ਦੇ ਕੱਪੜੇ ਹੁੰਦੇ ਹਨ। ਜਿਨ੍ਹਾਂ ਕੁੜੀਆਂ ਦੀ ਮੰਗਣੀ ਹੋਈ ਹੁੰਦੀ ਹੈ, ਉਨ੍ਹਾਂ ਨੂੰ ਤੀਆਂ ਦਾ ਸੰਧਾਰਾ ਸਹੁਰੇ ਘਰੋਂ ਆਉਂਦਾ ਹੈ।
ਕੁੱਝ ਸਾਲਾਂ ਵਿੱਚ ਆਈ ਸਾਇੰਸ ਦੀ ਤਰੱਕੀ ਨਾਲ ਕੰਪਿਊਟਰ ਦਾ ਯੁੱਗ ਆਇਆ ਹੈ ਅਤੇ ਕੰਪਿਊਟਰ ਨੇ ਕਈ ਅਣਹੋਣੇ ਕੰਮ ਕਰਕੇ ਮਿੰਟਾਂ ਵਿੱਚ ਦਿਖਾ ਦਿੱਤੇ ਹਨ। ਇੰਟਰਨੈਟ ਦੀ ਕਾਢ ਨੇ ਦੁਨੀਆਂ ਨੂੰ ਸੁੰਗੇੜ ਕੇ ਇਕ ਘਰ ਦਾ ਰੂਪ ਦੇ ਦਿੱਤਾ ਹੈ। ਹੁਣ ਇਹ ਤੀਆਂ ਕਲੱਬਾਂ, ਸਟੇਜਾਂ ਜਾਂ ਕੁਝ ਥਾਵਾਂ ਤੇ ਪਾਰਕਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ ।
ਅਸੀਂ ਸੱਤ ਸਮੁੰਦਰੋਂ ਪਾਰ ਬੈਠੇ ਸੱਜਣਾ ਮਿੱਤਰਾਂ ਤੇ ਰਿਸ਼ਤੇਦਾਰਾਂ ਨਾਲ ਆਹਮਣੇ ਸਾਹਮਣੇ ਬੈਠੇ ਗੱਲ ਕਰ ਸਕਦੇ ਹਾਂ। ਇਸ ਵਿਗਿਆਨਕ ਤਰੱਕੀ ਨੇ ਸਾਡੇ ਪੁਰਾਣੇ ਸੱਭਿਆਚਾਰ ਦੀ ਹੋਂਦ ਵੀ ਖ਼ਤਰੇ ਵਿੱਚ ਪਾ ਦਿੱਤੀ ਹੈ। ਪਿੰਡਾਂ ਵਿਚ ਪਿੱਪਲ, ਬੋਹੜ ਜਾਂ ਨਿੰਮ ਦੇ ਦਰੱਖ਼ਤ ਥੱਲੇ ਤੀਆਂ ਦੇ ਗਿੱਧੇ ਪੈਣ ਦੀ ਥਾਂ ਹੁਣ ਤੀਆਂ ਨੂੰ ਸੱਭਿਆਚਾਰਕ ਪ੍ਰੋਗਰਾਮ ਦਾ ਨਾਂ ਦੇ ਕੇ ਕਲੱਬਾਂ ਆਦਿ ਦੀਆਂ ਸਟੇਜਾਂ ਅਤੇ ਸਕੂਲਾਂ, ਕਾਲਜਾਂ ਦੇ ਵਿਹੜਿਆਂ ਵਿੱਚ ਕੁਝ ਕੁ ਘੰਟਿਆਂ ਦਾ ਸ਼ਿੰਗਾਰ ਬਣਾ ਕੇ ਰੱਖ ਦਿੱਤਾ ਹੈ। ਨੌਜਵਾਨ ਪੀੜੀ ਨੂੰ ਪੂਰੇ ਪੰਜਾਬੀ ਰਹਿਣ ਸਹਿਣ ਅਤੇ ਸੱਭਿਆਚਾਰ ਦੀ ਜਾਣਕਾਰੀ ਵੀ ਨਹੀਂ। ਸਾਵਣ ਦੇ ਮਹੀਨੇ ਮਨਾਇਆ ਜਾਣ ਵਾਲਾ ਤੀਆਂ ਦਾ ਤਿਉਹਾਰ (ਤੀਆਂ) ਵੀ ਵਿਸਰਦਾ ਜਾ ਰਿਹਾ ਹੈ।

# ਜਨਮ ਦਿਹਾੜੇ 'ਤੇ ਖਾਸ-ਸ੍ਰੀ ਠਾਕੁਰ ਦਲੀਪ ਸਿੰਘ ਜੀ ਦੁਆਰਾ ਮਹਾਨ ਕ੍ਰਾਂਤੀਕਾਰੀ ਕਾਰਜਾਂ ਦੀ ਪਹਿਲ

ਵਰਲਡ ਪੰਜਾਬੀ ਟਾਈਮਜ਼
ਪ੍ਰਿੰ. ਰਾਜਪਾਲ ਕੌਰ



ਆਪ ਸਭ ਭਲੀ ਭਾਂਤ ਜਾਣਦੇ ਹੋਵੋਗੇ ਕਿਮਹਾਨ ਰਾਸ਼ਟਰਵਾਦੀ ਸੋਚ ਦੇ ਮਾਲਿਕ, ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਸੰਗਰਾਮ ਲਈ ਨਾਮਿਲਵਰਤਨ ਲਹਿਰ ਚਲਾ ਕੇ, ਇਸਤਰੀਆਂ ਨੂੰ ਪਹਿਲੀ ਵਾਰ ਅੰਮ੍ਰਿਤ ਦੀ ਦਾਤ ਬਖਸ਼ ਕੇ ਅਤੇ ਸਮਾਜਿਕ ਸੁਧਾਰ ਲਿਆ ਕੇ ਮਹਾਨ ਕ੍ਰਾਂਤੀਕਾਰੀ ਉਪਰਾਲੇ ਕੀਤੇ। ਉਪਰੰਤ ਪੰਥਕ ਏਕਤਾ ਅਤੇ ਗੁਰੂ ਨਾਨਕ ਨਾਮ ਲੇਵਾ ਜਿਹੇ ਉਪਰਾਲੇ ਦੇਸ਼ ਨੂੰ ਅਜਾਦ ਕਰਾਉਣ ਵਿੱਚ ਸਹਾਇਕ ਸਿੱਧ ਹੋਏ। ਅੱਜ ਉਸੇ ਲੜੀ ਅਨੁਸਾਰ, ਸਤਿਗੁਰੂ ਰਾਮ ਸਿੰਘ ਜੀ ਦੇ ਹੀ ਵੰਸ਼ਜ, ਵਰਤਮਾਨ ਨਾਮਧਾਰੀ ਮੁੱਖੀ ਸ੍ਰੀ ਠਾਕੁਰ ਦਲੀਪ ਸਿੰਘ ਜੀ ਭਾਰਤੀ ਸੰਸਕ੍ਰਿਤੀ ਦੇ ਰੱਖਿਅਕ, ਏਕਤਾ ਦੇ ਬਾਣੀ, ਤਿਆਗ ਦੀ ਮੂਰਤ, ਅਤੇ ਬਹੁਪੱਖੀ ਪ੍ਰਤਿਭਾਵਾਂ ਦੇ ਮਾਲਕ ਹਨ। ਉਨ੍ਹਾਂ ਨੇ ਸਮਾਜ ਅਤੇ ਦੇਸ਼ ਦੀ ਭਲਾਈ ਲਈ ਬਹੁਤ ਸਾਰੇ ਮਹਾਨ ਕ੍ਰਾਂਤੀਕਾਰੀ ਕਾਰਜ ਕਰਨ ਦੀ ਪਹਿਲ ਕੀਤੀ ਹੈ। ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

* ਪੰਥਕ ਏਕਤਾ ਦੀ ਖ਼ਾਤਰ, ਉਨ੍ਹਾਂ ਨੇ 2012 ਵਿੱਚ ਗੁਰੂ ਗੱਦੀ ਦਾ ਤਿਆਗ ਕਰਕੇ ਗੁਰੂ ਮਾਤਾ ਚੰਦ ਕੌਰ ਜੀ ਨੂੰ ਗੁਰਗੱਦੀ ਸੌਂਪ ਦਿੱਤੀ, ਜਿਸ ਨਾਲ ਸਿੱਖ ਪੰਥ ਵਿੱਚ ਪਹਿਲੀ ਵਾਰ ਇੱਕ ਇਸਤਰੀ ਨੂੰ 'ਗੁਰੂ' ਹੋਣ ਦਾ ਮਾਣ ਪ੍ਰਾਪਤ ਹੋਇਆ।

* ਉਨ੍ਹਾਂ ਨੇ ਪਹਿਲੀ ਵਾਰ 2017 ਵਿੱਚ ਆਪਣੇ ਦੇਸ਼ ਉੱਤੇ ਮਾਣ ਕਰਦੇ ਹੋਏ ਇਸਦਾ ਅਸਲ ਨਾਮ "ਭਾਰਤ" ਅਪਣਾਉਣ ਅਤੇ ਇੰਡੀਆ ਗੇਟ ਦੀ ਥਾਂ 'ਤੇ ਆਪਣੇ ਦੇਸ਼ ਦਾ ਗੌਰਵ ਚਿੰਨ੍ਹ "ਭਾਰਤੀ ਸੁਤੰਤਰਤਾ ਸਮਾਰਕ" ਬਣਾਉਣ ਲਈ ਅਵਾਜ ਬੁਲੰਦ ਕੀਤੀ।

*ਸਿੱਖ ਧਰਮ ਦੀ ਏਕਤਾ ਅਤੇ ਉੱਨਤੀ ਲਈ, ਆਪ ਜੀ ਨੇ 21 ਅਪ੍ਰੈਲ 2014 ਨੂੰ ਦਿੱਲੀ ਵਿੱਚ "ਗੁਰੂ ਨਾਨਕ ਨਾਮ ਲੇਵਾ ਕਾਨਫਰੰਸ" ਦਾ ਆਯੋਜਨ ਕੀਤਾ ਅਤੇ ਆਪਸੀ ਸਾਂਝ, ਸਮਾਜ ਅਤੇ ਰਾਸ਼ਟਰ ਦੀ ਤਰੱਕੀ ਲਈ, ਠਾਕੁਰ ਜੀ ਨੇ 16 ਅਗਸਤ 2016 ਨੂੰ ਚੰਡੀਗੜ੍ਹ ਵਿੱਚ "ਹਿੰਦੂ-ਸਿੱਖ ਏਕਤਾ ਕਾਨਫਰੰਸ" ਦਾ ਆਯੋਜਨ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਹਿੰਦੂ ਭਰਾਵਾਂ ਨਾਲ ਜਨਮ ਅਸ਼ਟਮੀ, ਰਾਮਨੌਮੀ ਅਤੇ ਸ਼ਿਵਰਾਤਰੀ ਆਦਿ ਤਿਉਹਾਰ ਮਨਾਉਣੇ ਸ਼ੁਰੂ ਕਰਵਾਏ।

*ਮਹਾਨ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਵਿਦਵਤਾ ਪੱਖ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ 'ਤੇ "ਵਿਦਿਆ ਦਾਤੇ ਦਸ਼ਮੇਸ਼, ਪ੍ਰਗਟੇ ਆਪ ਪਰਮੇਸ਼" ਦਾ ਨਾਅਰਾ ਦਿੱਤਾ ਅਤੇ ਹਰ ਸਾਲ ਪਾਉਂਟਾ ਸਾਹਿਬ ਵਿਖੇ ਕਵੀ ਦਰਬਾਰ ਸ਼ੁਰੂ ਕਰਵਾਇਆ।

*ਭਾਰਤੀ ਸੱਭਿਆਚਾਰ ਦੀ ਤਰੱਕੀ ਲਈ, ਆਪ ਜੀ ਨੇ 27 ਮਾਰਚ 2022 ਨੂੰ "ਪਹਿਲਾ ਭਾਰਤੀ ਧਰਮ ਏਕਤਾ ਸੰਮੇਲਨ" ਦਾ ਆਯੋਜਨ ਕੀਤਾ, ਅਤੇ ਭਾਰਤ ਦੇ ਚਾਰੇ ਮੁੱਖ ਧਰਮਾਂ (ਹਿੰਦੂ, ਸਿੱਖ, ਜੈਨ, ਬੋਧੀ) ਦੇ ਪ੍ਰਤੀਨਿਧੀਆਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ।

* 26 ਜੂਨ 2022 ਨੂੰ ਬ੍ਰਾਹਮਣਾਂ ਦੀ ਮਹਾਨਤਾ ਦਰਸਾਉਣ ਅਤੇ ਭੁੱਲੇ ਵਿਸਰੇ ਸ਼ਹੀਦਾਂ ਦਾ ਪ੍ਰਚਾਰ ਕਰਨ ਲਈ ਪਹਿਲੇ ਮਹਾਨ ਸਿੱਖ ਯੋਧੇ ਅਤੇ ਸ਼ਹੀਦ ਕੀਰਤ ਭੱਟ ਜੀ ਦੀ ਯਾਦ ਵਿੱਚ 'ਪਹਿਲਾ ਸ਼ਹੀਦੀ ਸਮਾਗਮ' ਦਾ ਆਯੋਜਨ ਕੀਤਾ ਗਿਆ।

* ਸਤਿਗੁਰੂ ਦਲੀਪ ਸਿੰਘ ਜੀ ਦੀ ਪ੍ਰੇਰਣਾ ਨਾਲ, ਨਾਮਧਾਰੀ ਸਿੱਖਾਂ ਨੇ ਈਸਾਈ ਧਰਮ ਅਪਣਾ ਚੁੱਕੇ ਹਜ਼ਾਰਾਂ ਪਰਿਵਾਰਾਂ ਨੂੰ ਵਾਪਸ ਲਿਆਂਦਾ ਹੈ ਅਤੇ ਸਤਿਗੁਰੂ ਨਾਨਕ ਦੇਵ ਜੀ ਦੇ ਚਰਨੀਂ ਲਾਇਆ ਹੈ।

* ਆਪ ਜੀ ਦੁਆਰਾ ਭਾਰਤ ਦੇ ਕਈ ਰਾਜਾਂ ਵਿੱਚ ਮੁਫਤ ਵਿੱਦਿਆ ਦਾਨ ਕੇਂਦਰਾਂ ਦਾ ਆਯੋਜਨ ਕੀਤਾ ਗਿਆ ਹੈ। ਪੜ੍ਹੇ ਲਿਖੇ ਨਾਮਧਾਰੀ ਸਿੱਖ ਝੁੱਗੀਆਂ-ਝੌਂਪੜੀਆਂ ਵਿੱਚ ਜਾ ਕੇ ਵਿੱਦਿਆ ਦਾਨ ਕਰਨ ਅਤੇ ਲੋੜਵੰਦ ਲੋਕਾਂ ਨੂੰ ਆਤਮ ਨਿਰਭਰ ਬਣਾਉਣ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਨ।

* ਆਪ ਜੀ ਦੀ ਪ੍ਰੇਰਣਾ ਨਾਲ ਨਾਮਧਾਰੀ ਸੰਗਤ ਨੇ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਉਣ ਲਈ ਸਰਕਾਰੀ ਹਸਪਤਾਲਾਂ, ਬੱਸ ਸਟੈਂਡਾਂ, ਸਕੂਲਾਂ, ਰੇਲਵੇ ਸਟੇਸ਼ਨਾਂ, ਪਾਰਕਾਂ ਆਦਿ ਜਨਤਕ ਥਾਵਾਂ 'ਤੇ ਰੁੱਖ ਲਗਾਉਣ ਦੇ ਨਾਲ-ਨਾਲ ਸਫਾਈ ਮੁਹਿੰਮਾਂ ਸ਼ੁਰੂ ਕੀਤੀਆਂ ਹਨ ਅਤੇ ਸਤਿਗੁਰੂ ਦਲੀਪ ਸਿੰਘ ਜੀ ਆਪ ਵੀ ਸੰਗਤ ਦੇ ਨਾਲ ਮਿਲ ਕੇ ਸੇਵਾ ਕਰਦੇ ਹਨ।

* ਅਜੋਕੇ ਸਮੇਂ ਵਿੱਚ ਮਹਿਲਾ ਸਸ਼ਕਤੀਕਰਨ ਲਿਆਉਣ ਲਈ, ਠਾਕੁਰ ਦਲੀਪ ਸਿੰਘ ਜੀ ਨੇ ਔਰਤਾਂ ਨੂੰ ਧਾਰਮਿਕ ਕੰਮਾਂ ਵਿੱਚ 50% ਰਾਖਵਾਂਕਰਨ ਦੇ ਕੇ ਅਤੇ ਹਰ ਸ਼ੁਭ ਕਾਰਜ ਵਿੱਚ ਭਾਗੀਦਾਰ ਬਣਾ ਕੇ ਉਹਨਾਂ ਦੇ ਸਨਮਾਨ ਵਿੱਚ ਵਾਧਾ ਕੀਤਾ ਹੈ। ਪਹਿਲਾਂ, ਸਾਡੇ ਸਮਾਜ ਵਿੱਚ, ਸਿੱਖ ਧਰਮ ਵਿੱਚ ਅੰਮ੍ਰਿਤ ਤਿਆਰ ਕਰਨਾ, ਲੋਕਾਂ ਨੂੰ ਅੰਮ੍ਰਿਤ ਛਕਾਉਣਾ ਜਿਹੇ ਸ਼ੁਭ ਕੰਮ ਸਿਰਫ਼ ਮਰਦ ਹੀ ਕਰ ਸਕਦੇ ਸਨ। ਸਤਿਗੁਰੂ ਦਲੀਪ ਸਿੰਘ ਜੀ ਦੀ ਆਗਿਆ ਨਾਲ, ਪਹਿਲੀ ਵਾਰ ਦਿੱਲੀ ਵਿੱਚ, 9 ਅਪ੍ਰੈਲ 2017 ਨੂੰ, ਨਾਮਧਾਰੀ ਅੰਮ੍ਰਿਤਧਾਰੀ ਇਸਤਰੀਆਂ ਤੋਂ ਅੰਮ੍ਰਿਤ ਤਿਆਰ ਕਰਵਾ ਕੇ ਉਨ੍ਹਾਂ ਕੋਲੋਂ ਭਾਈਆਂ ਨੂੰ ਵੀ ਅੰਮ੍ਰਿਤ ਛਕਾਉਣ ਦੀ ਇੱਕ ਨਵੀਂ ਕ੍ਰਾਂਤੀਕਾਰੀ ਪਹਿਲ ਕੀਤੀ ਗਈ। ਇਸ ਤੋਂ ਇਲਾਵਾ, ਹਵਨ ਕਰਨ, ਵਿਆਹ ਦੌਰਾਨ ਲਾਵਾਂ ਦਾ ਪਾਠ ਕਰਨ, ਗੁਰਬਾਣੀ ਦੇ ਪਾਠਾਂ ਦੇ ਭੋਗ ਅਤੇ ਵਿਆਹ ਅਤੇ ਅੰਤਿਮ ਸੰਸਕਾਰ ਕਰਨ ਦੀਆਂ ਸਾਰੀਆਂ ਰਸਮਾਂ ਇਸਤਰੀਆਂ ਦੁਆਰਾ ਕਰਵਾਈਆਂ ਗਈਆਂ। ਇੰਨਾ ਹੀ ਨਹੀਂ, ਠਾਕੁਰ ਦਲੀਪ ਸਿੰਘ ਜੀ ਦੀ ਆਗਿਆ ਨਾਲ, ਨਾਮਧਾਰੀ ਇਸਤਰੀਆਂ ਨੇ ਵੱਡੇ ਸਮਾਗਮਾਂ ਦਾ ਪ੍ਰਬੰਧ ਅਤੇ ਸੰਚਾਲਨ ਕਰਵਾਉਣ ਦੀ ਇੱਕ ਨਵੀਂ ਮਿਸਾਲ ਵੀ ਕਾਇਮ ਕੀਤੀ ਹੈ। 13 ਦਸੰਬਰ 2024 ਨੂੰ, ਰਾਮਲੀਲਾ ਮੈਦਾਨ ਵਿੱਚ, ਨਾਮਧਾਰੀ ਔਰਤਾਂ ਦੁਆਰਾ ਵਿਸ਼ਵ ਸ਼ਾਂਤੀ ਲਈ ਹਵਨ ਕੀਤੇ ਗਏ।

* ਪੁਲਿਸ ਕਰਮਚਾਰੀਆਂ ਦੀ ਸ਼ਲਾਘਾ ਕਰਦੇ ਹੋਏ, ਆਪ ਜੀ ਨੇ ਪੁਲਿਸ ਸੇਵਾ ਦੇ ਕੰਮ ਦੀ ਪਹਿਲ ਵੀ ਕੀਤੀ ਹੈ। ਆਪ ਜੀ ਦੀ ਪ੍ਰੇਰਣਾ ਨਾਲ, ਨਾਮਧਾਰੀ ਸੰਗਤ ਵੱਖ-ਵੱਖ ਥਾਵਾਂ 'ਤੇ ਡਿਊਟੀ 'ਤੇ ਤਾਇਨਾਤ ਪੁਲਿਸ ਕਰਮਚਾਰੀਆਂ ਨੂੰ ਜਲ ਪਾਨ ਛਕਾਉਣ ਦੀ ਸੇਵਾ ਕਰਦੀ ਹੈ।

* ਆਪ ਜੀ ਦੀ ਪ੍ਰੇਰਣਾ ਨਾਲ ਸੰਗਤ ਹੁਣ ਆਪਣਾ ਨਵਾਂ ਸਾਲ ਜਨਵਰੀ ਤੋਂ ਨਹੀਂ, ਸਗੋਂ ਵਿਸਾਖੀ ਦੇ ਸ਼ੁਭ ਦਿਹਾੜੇ ਉੱਤੇ ਮਨਾਉਂਦੀ ਹੈ ਅਤੇ ਆਪਣੀ ਭਾਰਤੀ ਸੰਸਕ੍ਰਿਤੀ 'ਤੇ ਮਾਣ ਮਹਿਸੂਸ ਕਰਦੀ ਹੈ।

2015 ਦੇ ਹੋਲੇ ਮੁਹੱਲੇ ਦੌਰਾਨ, ਆਪ ਜੀ ਨੇ ਸਮਾਜ ਵਿਚੋਂ ਜਾਤ-ਪਾਤ ਨੂੰ ਜੜੋਂ ਮੁਕਾਉਣ ਲਈ ਇੱਕ ਹੋਰ ਨਿਵੇਕਲਾ ਉਪਰਾਲਾ ਕੀਤਾ ਹੈ। ਆਪ ਜੀ ਨੇ ਹਰੀਜਨ ਸਿੱਖਾਂ ਨੂੰ ਸਟੇਜ 'ਤੇ ਬੁਲਾਇਆ ਅਤੇ ਉਨ੍ਹਾਂ ਨੂੰ ਸਨਮਾਨ ਦਿੰਦੇ ਹੋਏ, ਸਾਰਿਆਂ ਨੂੰ ਆਦੇਸ਼ ਦਿੱਤਾ ਕਿ ਅੱਜ ਤੋਂ ਕੋਈ ਵੀ ਉਨ੍ਹਾਂ ਨਾਲ ਵਿਤਕਰਾ ਨਹੀਂ ਕਰੇਗਾ ਅਤੇ ਸਭ ਤੋਂ ਪਹਿਲਾਂ ਆਪ ਜੀ ਨੇ ਆਪ ਉਨ੍ਹਾਂ ਦੇ ਹੱਥੋਂ ਪ੍ਰਸ਼ਾਦ ਬਣਵਾ ਕੇ ਛਕਿਆ।

* ਆਪ ਜੀ ਨੇ ਸਮੁੱਚੀ ਸਿੱਖ ਸੰਗਤ ਨੂੰ ਗੁਰਦੁਆਰਿਆਂ ਉੱਤੇ ਸੋਨਾ, ਪਾਲਕੀ ਉੱਤੇ ਸੋਨਾ, ਮਹਿੰਗੇ ਲੰਗਰਾਂ, ਮਹਿੰਗੇ ਨਗਰ ਕੀਰਤਨ ਦੀ ਥਾਂ ਲੋੜਵੰਦ ਬੱਚੀਆਂ ਨੂੰ ਸਿੱਖਿਆਂ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਹੈ। ਆਪ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਾਢੇ ਪੰਜ ਲੱਖ ਗਰੀਬ ਕੁੜੀਆਂ ਨੂੰ ਸਿੱਖਿਆ ਦੇਣ ਦਾ ਟੀਚਾ ਰੱਖਿਆ ਹੈ ਜਿਸਨੂੰ ਆਪ ਜੀ ਦੀ ਸੰਗਤ ਦੁਆਰਾ ਬਹੁਤ ਯੋਜਨਾਬੱਧ ਤਰੀਕੇ ਨਾਲ ਅਮਲੀ ਰੂਪ ਦਿੱਤਾ ਜਾ ਰਿਹਾ ਹੈ।

*ਆਪ ਜੀ ਦੀ ਕਲਮ ਦਾ ਵੀ ਬਹੁਤ ਕਮਾਲ ਹੈ। ਆਪ ਜੀ ਨੇ ਮਨੁੱਖਤਾ ਦੀ ਭਲਾਈ ਲਈ ਬਹੁਤ ਸਾਰੇ ਲੇਖ ਲਿਖੇ ਹਨ, ਜਿਨ੍ਹਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਆਏ ਕਾਵਿ ਰਸਾਂ ਦੀ ਵਿਆਖਿਆ, ਨਾਨਕ ਸ਼ਾਇਰ ਏਵ ਕਹਿਤ ਹੈ, ਦਸਮੇਸ਼ ਜੀ ਦੀ ਸਰਵੋਤਮ ਕਾਵਿ ਰਚਨਾ, ਗੁਰਬਾਣੀ ਦਰਸ਼ਨ, ਗੁਰਬਾਣੀ ਅਨੁਸਾਰ ਸਿੱਖ ਕੌਣ ਹੈ, ਸਿੱਖ ਪੰਥ ਨੂੰ ਪ੍ਰਫੁੱਲਤ ਕਰਨ ਦੇ ਉਪਾਅ, ਗੁਰਦੁਆਰਿਆਂ ਅਤੇ ਮੰਦਰਾਂ ਵਿੱਚ ਮੁਫ਼ਤ ਸਿੱਖਿਆ ਕੇਂਦਰ ਖੋਲ੍ਹੇ ਜਾਣੇ ਚਾਹੀਦੇ ਹਨ, ਭਾਰਤੀ ਧਰਮਾਂ, ਭਾਰਤੀ ਭਾਸ਼ਾਵਾਂ ਅਤੇ ਭਾਰਤੀ ਸੱਭਿਆਚਾਰ ਤੋਂ ਬਿਨਾਂ ਭਾਰਤ ਦਾ ਕੋਈ ਵਜੂਦ ਨਹੀਂ ਹੈ, ਭਾਰਤੀ ਧਰਮਾਂ ਨੂੰ ਕਿਵੇਂ ਉੱਚਾ ਚੁੱਕਿਆ ਜਾਵੇ? ਗੁਰਬਾਣੀ ਅਨੁਸਾਰ ਵਾਤਾਵਰਣ ਦੀ ਰੱਖਿਆ, ਗੁਰਬਾਣੀ ਅਨੁਸਾਰ ਰੋਗ ਮੁਕਤ ਕਿਵੇਂ ਹੋਣਾ ਹੈ, "ਕਹਿ ਕਬੀਰ ਮੋਹਿ ਬਿਆਹੀ ਚਲੇ ਹੈ" ਅਤੇ ਹੋਰ ਬਹੁਤ ਸਾਰੀਆਂ ਰਚਨਾਵਾਂ ਵੀ ਸਮਾਜ ਨੂੰ ਸੇਧ ਦੇ ਰਹੀਆਂ ਹਨ। ਆਪ ਜੀ ਭਾਰਤੀ ਸੱਭਿਆਚਾਰ, ਭਾਰਤੀਅਤਾ, ਭਾਰਤੀ ਭਾਸ਼ਾਵਾਂ ਅਤੇ ਆਯੁਰਵੇਦ ਨੂੰ ਅਪਣਾਉਣ ਅਤੇ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਹਨ। ਆਪ ਜੀ ਨੇ ਸਮੁੱਚੀ ਕੌਮ ਨੂੰ ਏਕਤਾ ਦੇ ਧਾਗੇ ਵਿੱਚ ਪਿਰੋਣ ਲਈ ਇੱਕ ਵਿਸੇਸ਼ ਨਾਅਰਾ ਦਿੱਤਾ ਹੈ:
ਗੁਰੂ ਨਾਨਕ ਦੇ ਸਿੱਖ ਹਾਂ, ਅਸੀਂ ਸਾਰੇ ਇੱਕ ਹਾਂ।

ਪੰਥ ਪਾੜਨਾ ਪਾਪ ਹੈ , ਏਕਤਾ ਵਿੱਚ ਪ੍ਰਤਾਪ ਹੈ।